| ਚਾਰਿੰਗ ਕਰੌਸ<br>ਹਾਊਸਿੰਗ ਐਸੋਸੀਏਸ਼ਨ | ਵੈਸਟ ਆਫ਼<br>ਸਕੌਟਲੈਂਡ ਹਾਊਸਿੰਗ<br>ਐਸੋਸੀਏਸ਼ਨ | ਤਬਾਦਲੇ ਸਬੰਧੀ ਖ਼ਬਰਾਂ |
|---|---|---|

**ਅੰਕ 1** **ਨਵੰਬਰ 2021**

# ਵੈਸਟ ਆਫ਼ ਸਕੌਟਲੈਂਡ ਦੀ ਚੋਣ ਚਾਰਿੰਗ ਕਰੌਸ ਹਾਊਸਿੰਗ ਐਸੋਸੀਏਸ਼ਨ ਦੇ ਤਬਾਦਲਾ ਭਾਈਵਾਲ ਵੱਜੋਂ ਕੀਤੀ ਗਈ ਹੈ

11 ਅਕਤੂਬਰ 2021 ਨੂੰ, ਅਸੀਂ ਤੁਹਾਨੂੰ ਇਹ ਦੱਸਣ ਲਈ ਲਿਖਿਆ ਸੀ ਕਿ ਵੈਸਟ ਆਫ਼ ਸਕੌਟਲੈਂਡ ਹਾਊਸਿੰਗ ਐਸੋਸੀਏਸ਼ਨ (ਵੈਸਟ ਆਫ਼ ਸਕੌਟਲੈਂਡ) ਨੂੰ ਚਾਰਿੰਗ ਕਰੌਸ ਹਾਊਸਿੰਗ ਐਸੋਸੀਏਸ਼ਨ (ਚਾਰਿੰਗ ਕਰੌਸ) ਲਈ ਤਰਜੀਹੀ ਭਾਈਵਾਲ ਵੱਜੋਂ ਚੁਣਿਆ ਗਿਆ ਹੈ। ਜੇਕਰ ਕਿਰਾਏਦਾਰਾਂ ਵੱਲੋਂ ਯੋਜਨਾ ਦਾ ਸਮਰਥਨ ਕੀਤਾ ਜਾਂਦਾ ਹੈ, ਤਾਂ ਭਾਈਵਾਲੀ ਵਿੱਚ ਚਾਰਿੰਗ ਕਰੌਸ ਦੇ ਸਾਰੇ ਇੰਤਜਾਮਾਂ ਦਾ ਵੈਸਟ ਆਫ਼ ਸਕੌਟਲੈਂਡ ਵੱਲ ਤਬਾਦਲਾ ਸ਼ਾਮਲ ਹੋਵੇਗਾ।

ਭਾਈਵਾਲ ਦੀ ਤਲਾਸ਼ ਵਿੱਚ, ਅਸੀਂ ਪ੍ਰਤੀਕਿਰਿਆ ਲਈ ਕੋਸ਼ਿਸ਼ ਕੀਤੀ ਜੋ ਸਾਡੇ ਭਾਈਵਾਲੀ ਦੇ 5 ਉਦੇਸ਼ਾਂ ਨੂੰ ਨਜਿੱਠੇਗੀ:

1 - ਮਜਬੂਤ ਪ੍ਰਸ਼ਾਸਨ ਅਤੇ ਵਿੱਤੀ ਮਜਬੂਤੀ

2 - ਸਹਿਣਯੋਗ ਹੱਦ ਤੱਕ ਕਿਰਾਏ ਅਤੇ ਸਰਵਿਸ ਚਾਰਜ ਵਿੱਚ ਸੁਧਾਰ ਕਰਨਾ

3 - ਆਕਰਸ਼ਿਤ ਮਾਹੌਲ ਵਿੱਚ ਮਿਆਰੀ ਘਰ ਮੁਹੱਈਆ ਕਰਨੇ।

4 - ਸ਼ਾਨਦਾਰ ਅਤੇ ਸਭਿਆਚਾਰਕ ਪੱਖੋਂ ਸੰਵੇਦਨਸ਼ੀਲ ਸੇਵਾਵਾਂ ਅਤੇ ਬਹੁਤ ਜ਼ਿਆਦਾ ਮੌਕੇ ਪ੍ਰਦਾਨ ਕਰਨੇ।

5 - ਆਪਣੇ ਲੋਕਾਂ ਦਾ ਵਿਕਾਸ ਕਰਨਾ।

## ਵੈਸਟ ਆਫ਼ ਸਕੌਟਲੈਂਡ ਹਾਊਸਿੰਗ ਐਸੋਸੀਏਸ਼ਨ ਹੀ ਕਿਉਂ?

ਜਿਹੜੇ ਰਜਿਸਟਰਡ ਸੋਸ਼ਲ ਲੈਂਡਲਾਰਡ (ਮਕਾਨ-ਮਾਲਕ) ਸਾਡੇ ਤਰਜੀਹੀ ਭਾਈਵਾਲ ਬਣਨਾ ਚਾਹੁੰਦੇ ਸਨ ਉਨ੍ਹਾਂ ਵੱਲੋਂ ਦਿੱਤੀਆਂ ਸਾਰੀਆਂ ਬੇਨਤੀਆਂ ਸਖ਼ਤ ਮੁਲਾਂਕਣ ਪ੍ਰਕਿਰਿਆ ਵਿੱਚੋਂ ਲੰਘੀਆਂ ਸਨ। ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਕਿ ਅਸੀਂ ਕੀ ਜਾਣਦੇ ਹਾਂ ਕਿ ਤੁਹਾਡੇ ਲਈ ਕੀ ਮਹੱਤਵਪੂਰਨ ਹੈ, ਅਸੀਂ ਸਮੁੱਚੇ ਤੌਰ ’ਤੇ ਬਿਹਤਰੀਨ ਪੇਸ਼ਕਸ਼ ਬਾਰੇ ਪਤਾ ਲਗਾਉਣ ਵੱਲ ਧਿਆਨ ਕੇਂਦਰਤ ਕੀਤਾ ਜੋ ਕਿਰਾਏਦਾਰ ਅਤੇ ਫੈਕਟਰਡ ਓਨਰ ਲਈ ਅੱਗੇ ਦਿੱਤੀਆਂ ਤਰਜੀਹਾਂ (ਪ੍ਰਮੁੱਖਤਾਵਾਂ) ਪ੍ਰਦਾਨ ਕਰਨਗੇ:

4 ਇਹ ਯਕੀਨੀ ਬਣਾਉਣਾ ਕਿ ਕਿਰਾਇਆ ਸਹਿਣਯੋਗ ਬਣਿਆ ਰਹੇ

4 ਇਹ ਯਕੀਨੀ ਬਣਾਉਣਾ ਕਿ ਸਰਵਿਸ ਚਾਰਜ ਸਪਸ਼ਟ ਅਤੇ ਪਾਰਦਰਸ਼ੀ ਹੋਣ ਅਤੇ ਵਧੀਆ ਸੇਵਾਵਾਂ ਦੇਣ ਲਈ ਕੰਟਰੈਕਟਰਾਂ ਦਾ ਬੰਦੋਬਸਤ ਕੀਤਾ ਜਾਂਦਾ ਹੈ

4 ਸਾਡੇ ਘਰਾਂ ਵਿੱਚ ਅਤਿ-ਜ਼ਰੂਰੀ ਰਹਿੰਦੇ ਕੰਮਾਂ ਨੂੰ ਪੂਰਾ ਕਰਨ ਲਈ ਨਿਵੇਸ਼ ਪ੍ਰੋਗਰਾਮ ਵਿੱਚ ਤੇਜ਼ੀ ਅਤੇ ਸੁਧਾਰ ਲਿਆਉਣਾ

4 ਬਾਹਰਲੇ ਵਾਤਾਵਾਰਣ ਦੇ ਪ੍ਰਬੰਧ ਅਤੇ ਭੌਤਿਕ ਸਥਿਤੀ ਵਿੱਚ ਸੁਧਾਰ ਕਰਨਾ

4 ਗਾਹਕਾਂ ਦੀ ਉੱਤਮਤਾ ਵੱਲ ਕੇਂਦਰਤ ਮਜਬੂਤ ਅਤੇ ਸਾਕਾਰਾਤਮਕ ਸਭਿਆਚਾਰ ਨੂੰ ਯਕੀਨੀ ਬਣਾਉਣਾ।

4 ਉਸ ਸਮੇਂ, ਜਗ੍ਹਾ ਅਤੇ ਤਰੀਕੇ ਨਾਲ ਸਟਾਫ ਅਤੇ ਸੇਵਾਵਾਂ ਤੱਕ ਜ਼ਿਆਦਾ ਪਹੁੰਚ ਜੋ ਕਿਰਾਏਦਾਰਾਂ ਅਤੇ ਫੈਕਟਰਡ ਮਾਲਕਾਂ ਦੀਆਂ ਜ਼ਰੂਰਤਾਂ ਲਈ ਢੁਕਵੀਂ ਹੁੰਦੀ ਹੈ।

4 ਮਿਆਰੀ ਫੈਕਟਰਿੰਗ ਸੇਵਾ ਮੁਹੱਈਆ ਕਰਨੀ ਜੋ ਪੈਸੇ ਦੀ ਕੀਮਤ (ਅਹਿਮੀਅਤ) ਨੂੰ ਦਰਸਾਉਂਦੀ ਹੈ।

4 ਕਿਰਾਏਦਾਰਾਂ ਦੀ ਜ਼ਿੰਦਗੀ ਦੇ ਮੌਕਿਆਂ ਵਿੱਚ ਸੁਧਾਰ ਲਿਆਉਣ ਅਤੇ ਉਨ੍ਹਾਂ ਦੀਆਂ ਬਦਲਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਹਾਇਤਾ ਵਾਸਤੇ ਵਿਆਪਕ ਪ੍ਰਕਾਰ ਦੀਆਂ ਸਹਾਇਤਾ ਸੇਵਾਵਾਂ ਦੀ ਪੇਸ਼ਕਸ਼ ਕਰਨੀ

ਤਰਜੀਹੀ ਭਾਈਵਾਲ ਬਾਰੇ ਫੈਸਲਾ ਕਰਨਾ ਬਹੁਤ ਹੀ ਮੁਸ਼ਕਿਲ ਸੀ ਕਿਉਂਕਿ ਅਸੀਂ ਕਈ ਮਜਬੂਤ ਭਾਈਵਾਲੀ ਤਜਵੀਜ਼ਾਂ ਪ੍ਰਾਪਤ ਕੀਤੀਆਂ ਸਨ। ਪਰ ਸਾਡੀ ਮੈਨੇਜਮੈਂਟ ਕਮੇਟੀ ਇਸ ਗੱਲ ਨਾਲ ਸਹਿਮਤ ਸੀ ਕਿ ਵੈਸਟ ਆਫ਼ ਸਕੌਟਲੈਂਡ ਤੋਂ ਮਿਲੀ ਤਜਵੀਜ਼ ਅਜਿਹੀ ਸੀ ਜੋ ਉੱਪਰ ਦਿੱਤੀਆਂ ਤਰਜੀਹਾਂ ਦੇ ਮੁਕਾਬਲੇ ਸਭ ਤੋਂ ਮਜਬੂਤ ਪੇਸ਼ਕਸ਼ ਮੁਹੱਈਆ ਕਰਦੀ ਸੀ ਅਤੇ ਚਾਰਿੰਗ ਕਰੌਸ ਕਿਰਾਏਦਾਰਾਂ, ਫੈਕਟਰਡ ਓਨਰਾਂ ਅਤੇ ਸਟਾਫ ਲਈ ਬਿਹਤਰੀਨ ਵਿਕਲਪ ਸੀ।

ਦੋਵੇਂ ਸੰਗਠਨ ਇੱਕੋ ਜਿਹੇ ਆਦਰਸ਼ ਸਾਂਝੇ ਕਰਦੇ ਹਨ, ਅਤੇ ਦੋਵਾਂ ਦੀ ਆਪਣੇ ਵੱਲੋਂ ਮੁਹੱਈਆ ਕੀਤੇ ਜਾਂਦੇ ਘਰਾਂ ਅਤੇ ਸੇਵਾਵਾਂ ਰਾਹੀਂ ਆਪਣੇ ਗਾਹਕਾਂ ਦੀਆਂ ਜ਼ਿੰਦਗੀਆਂ ਵਿੱਚ ਸੁਧਾਰ ਕਰਨ ਲਈ ਪ੍ਰਬਲ ਵਚਨਬੱਧਤਾ ਹੁੰਦੀ ਹੈ। ਆਰੰਭਕ ਪੇਸ਼ਕਸ਼ ਦੇ ਆਧਾਰ ’ਤੇ ਸਾਨੂੰ ਇਹ ਵਿਸ਼ਵਾਸ ਹੈ ਕਿ ਵੈਸਟ ਆਫ਼ ਸਕੌਟਲੈਂਡ ਵੱਲ ਤਬਾਦਲਾ ਉਸ ਨਾਲੋਂ ਜ਼ਿਆਦਾ ਸਹਿਣਯੋਗ ਕਿਰਾਏ ਅਤੇ ਸਰਵਿਸ ਚਾਰਜ ਪ੍ਰਦਾਨ ਕਰੇਗਾ ਜੋ ਚਾਰਿੰਗ ਕਰੌਸ ਉਸ ਸਮੇਂ

ਪ੍ਰਦਾਨ ਕਰ ਸਕਦੀ ਸੀ ਜੇਕਰ ਅਸੀਂ ਸਿਰਫ ਆਪਣੇ'ਤੇ ਹੀ ਨਿਰਭਰ ਰਹਿੰਦੇ। ਇਸ ਸਭ ਤੋਂ ਉੱਪਰ, ਅਸੀਂ ਘਰਾਂ ਲਈ ਜੋ ਕੁਆਲਿਟੀ ਮੁਹੱਈਆ ਕਰਦੇ ਹਨ ਉਸ ਵਿੱਚ ਸੁਧਾਰ ਕਰਨ ਲਈ ਵੈਸਟ ਆਫ਼ ਸਕੌਟਲੈਂਡ ਤੁਹਾਡੇ ਘਰਾਂ ਵਿੱਚ ਅਤੇ ਵਾਤਾਵਰਨ ਵਿੱਚ ਕਾਫੀ ਜ਼ਿਆਦਾ ਨਿਵੇਸ਼ ਕਰ ਸਕੇਗੀ, ਜਦਕਿ ਇਸ ਦੇ ਨਾਲ ਸਾਡੇ ਗਾਹਕਾਂ ਲਈ ਉਪਲਬਧ ਵੱਖ-ਵੱਖ ਸੇਵਾਵਾਂ ਨੂੰ ਵੀ ਵਿਆਪਕ ਬਣਾਏਗੀ ਅਤੇ ਇਨ੍ਹਾਂ ਵਿੱਚ ਸੁਧਾਰ ਕਰੇਗੀ।

**ਸਾਨੂੰ ਲੱਗਿਆ ਕਿ ਤਬਾਦਲੇ ਸਬੰਧੀ ਖ਼ਬਰਾਂ (ਟਰਾਂਸਫਰ ਨਿਊਜ਼) ਦੇ ਪਹਿਲੇ ਅੰਕ ਵਿੱਚ ਤੁਹਾਨੂੰ ਵੈਸਟ ਆਫ਼ ਸਕੌਟਲੈਂਡ ਅਤੇ ਤਬਾਦਲੇ ਦੇ ਸਫਰ ਵਿੱਚ ਅਗਲੇ ਪੜਾਆਂ ਬਾਰੇ ਥੋੜ੍ਹਾ ਦੱਸਣਾ ਸਹਾਈ ਹੋਵੇਗਾ। ਅਸੀਂ ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਤਬਾਦਲਾ ਯੋਜਨਾਵਾਂ ਨੂੰ ਬਣਾਉਣ ਸਮੇਂ ਤੁਹਾਡੇ ਤੋਂ ਵੀ ਸੁਣਨਾ ਚਾਹੁੰਦਾ ਹਾਂ। ਇਸ ਨਿਊਜ਼ਲੈਟਰ ਦੇ ਆਖ਼ਰ ਵਿੱਚ ਦਿੱਤੇ ਇੱਕ ਸੰਖੇਪ ਸਰਵੇਖਣ ਨੂੰ ਸ਼ੁੱਕਰਵਾਰ 3 ਦਸੰਬਰ 2021 ਤੱਕ ਪੂਰਾ ਕਰਕੇ** ਆਪਣੀ ਰਾਏ ਪੇਸ਼ ਕਰੋ।

# ਵੈਸਟ ਆਫ਼ ਸਕੌਟਲੈਂਡ ਐਸੋਸੀਏਸ਼ਨ ਕੌਣ ਹਨ?

1965 ਵਿੱਚ ਸਥਾਪਤ, ਵੈਸਟ ਆਫ਼ ਸਕੌਟਲੈਂਡ ਮਹਿਜ਼ ਲੈਂਡਲਾਰਡ ਬਣਨ ਤੋਂ ਕੁਝ ਜ਼ਿਆਦਾ ਲਈ ਕੋਸ਼ਿਸ਼ ਕਰਦੀ ਹੈ। ਵੈਸਟ ਆਫ਼ ਸਕੌਟਲੈਂਡ ਨੂੰ ਜਿਹੜੀ ਗੱਲ ਹੋਰਨਾਂ ਤੋਂ ਵੱਖ ਕਰਦੀ ਹੈ ਉਹ ਅਜਿਹਾ ਤਰੀਕਾ ਹੈ ਜਿਸ ਨਾਲ ਇਹ ਆਪਣੇ ਕਿਰਾਏਦਾਰਾਂ ਦੀਆਂ ਜ਼ਿੰਦਗੀਆਂ ਵਿੱਚ ਸੁਧਾਰ ਕਰਨ ਲਈ ਅੱਗੇ ਵਧਦੀ ਹੈ, ਉਨ੍ਹਾਂ ਦੀਆਂ ਜ਼ਿੰਦਗੀਆਂ ਵਿੱਚ ਤਬਦੀਲੀ ਆਉਣ 'ਤੇ ਉਨ੍ਹਾਂ ਦੀਆਂ ਜ਼ਰੂਰਤਾਂ ਲਈ ਪ੍ਰਤੀਕਿਰਿਆ ਪ੍ਰਗਟ ਕਰਦੀ ਹੈ। ਇਸ ਵਿੱਚੋਂ ਜ਼ਿਆਦਾਤਰ (ਜ਼ਰੂਰਤਾਂ) ਨੂੰ ਇਸ ਦੇ ਸਹਾਇਕ ਵਿੱਲੋਕੇਅਰ ਟਰੱਸਟ ਰਾਹੀਂ ਪ੍ਰਦਾਨ ਕੀਤਾ ਜਾਂਦਾ ਹੈ। ਉਹ ਸਮੁੱਚੇ ਵੈਸਟ ਆਫ਼ ਸਕੌਟਲੈਂਡ ਵਿੱਚ ਲਗਭਗ 3500 ਘਰ ਮੁਹੱਈਆ ਕਰਦੇ ਹਨ ਅਤੇ ਉਹ ਅਜਿਹੀ ਰਿਹਾਇਸ਼ ਮੁਹੱਈਆ ਕਰਨ ਲਈ ਇਸ ਤੋਂ ਵੀ ਅੱਗੇ ਵਧਣ ਲਈ ਮਾਣ ਨਾਲ ਪ੍ਰਣ ਕਰਦੇ ਹਨ ਜਿਸ ਨੂੰ ਕਿਰਾਏਦਾਰ ਆਪਣਾ ਘਰ ਕਹਿ ਸਕਦੇ ਹਨ।

ਵੈਸਟ ਆਫ਼ ਸਕੌਟਲੈਂਡ ਦੀ ਵਧੀਆ ਪ੍ਰਸ਼ਾਸਨ ਲਈ ਮਜਬੂਤ ਸਾਖ ਹੈ ਅਤੇ ਹਾਲ ਹੀ ਵਿੱਚ ਇਸ ਨੇ ਆਪਣੇ ਅੰਦਰੂਨੀ ਆਡੀਟਰਾਂ ਤੋਂ ਪ੍ਰਸ਼ਾਸਨ ਬਾਰੇ ਤਸੱਲੀਬਖ਼ਸ਼ ਭਰੋਸੇ ਦੀ ਉੱਚਤਮ ਰੇਟਿੰਗ ਹਾਸਲ ਕੀਤੀ ਹੈ। ਉਨ੍ਹਾਂ ਦਾ ਬੋਰਡ ਵਿਨਿਯਮ ਸਬੰਧੀ ਮਿਆਰਾਂ ਸਮੇਤ ਵਿਨਿਯਮ ਸਬੰਧੀ ਜ਼ਰੂਰਤਾਂ ਦੀ ਤੁਲਨਾ ਵਿੱਚ ਸਵੈ-ਮੁਲਾਂਕਣ ਲਈ ਸਾਰੇ ਸਾਲ ਪ੍ਰਕਿਰਿਆ ਨੂੰ ਅੰਜਾਮ ਦਿੰਦਾ ਹੈ। ਇੱਕ ਸ਼ਾਰਟ ਲਾਈਫ਼ ਵਰਕਿੰਗ ਗਰੁੱਪ ਤੈਅ ਹੈ ਜਿਸ ਵਿੱਚ ਬੋਰਡ ਮੈਂਬਰ, ਸਟਾਫ ਅਤੇ ਉਨ੍ਹਾਂ ਦੇ ਕਿਰਾਏਦਾਰਾਂ ਦੇ ਸਲਾਹਕਾਰੀ ਸਮੂਹ (ਟੀ.ਏ.ਜੀ.) ਦੇ ਚੇਅਰਪਰਸਨ ਸ਼ਾਮਲ ਹਨ।

ਇਹ ਗਰੁੱਪ ਉਨ੍ਹਾਂ ਦੀ ਪਾਲਣਾ ਦੀ ਸਮੀਖਿਆ ਕਰਦਾ ਹੈ ਅਤੇ ਪੂਰੇ ਬੋਰਡ ਨੂੰ ਰਿਪੋਰਟ ਦਿੰਦਾ ਹੈ। ਇਸ ਪ੍ਰਕਿਰਿਆ ਦੇ ਆਖ਼ਰ ਵਿੱਚ, ਸਕੌਟਿਸ਼ ਹਾਊਸੰਗ ਰੈਗੂਲੇਟਰ ਨੂੰ ਆਪਣੇ ਭਰੋਸੇ ਸਬੰਧੀ ਬਿਆਨ ਪੇਸ਼ ਕਰਨ ਤੋਂ ਪਹਿਲਾਂ, ਬੋਰਡ ਇਹ ਫੈਸਲਾ ਕਰਦਾ ਹੈ ਕਿ ਉਨ੍ਹਾਂ ਨੂੰ ਵਿਨਿਯਿਮਿਕ ਜ਼ਰੂਰਤਾਂ ਦੀ ਪਾਲਣਾ ਕਰਨ ਦੇ ਸਬੰਧ ਵਿੱਚ ਭਰੋਸਾ ਹੁੰਦਾ ਹੈ ਹੈ। ਵੈਸਟ ਆਫ਼ ਸਕੌਟਲੈਂਡ ਨੇ ਪਿਛਲੇ ਦੋ ਸਾਲਾਂ ਲਈ ਮੁਕੰਮਲ ਪਾਲਣਾ ਬਾਰੇ ਭਰੋਸੇ ਸਬੰਧੀ ਬਿਆਨ ਪੇਸ਼ ਕੀਤਾ ਹੈ।

ਉਨ੍ਹਾਂ ਦਾ ਮਜਬੂਤ ਬੈਲੈਂਸ ਸ਼ੀਟ ਦੇ ਨਾਲ-ਨਾਲ ਵਿੱਤੀ ਟੀਚਿਆਂ ਨੂੰ ਪੂਰਾ ਕਰਨ ਲਈ ਮਜਬੂਤ ਟ੍ਰੈਕ ਰਿਕਾਰਡ ਹੈ। ਉਹ ਕਿਰਾਏ ਦੇ ਵਾਧਿਆਂ ਨੂੰ ਘੱਟ ਤੋਂ ਘੱਟ ਰੱਖਣ ਵਾਸਤੇ ਆਪਣੀ ਮਦਦ ਲਈ ਖ਼ਰਚਿਆਂ ਨੂੰ ਘਟਾਉਣ ਅਤੇ ਆਮਦਨ ਨੂੰ ਜ਼ਿਆਦਾ ਤੋਂ ਜ਼ਿਆਦਾ ਵਧਾਉਣ ਲਈ ਵਚਨਬੱਧ ਹਨ। ਉਹ ਪੈਸੇ ਦਾ ਮੁੱਲ ਤਾਰਨ ਅਤੇ ਲੰਬੇ ਸਮੇਂ ਵਿੱਚ ਵਿੱਤੀ ਸਥਿਰਤਾ ਨੂੰ ਯਕੀਨੀ ਬਣਾਉਣ ਲਈ ਨਿਪੁੰਨਤਾਵਾਂ ਪ੍ਰਦਾਨ ਕਰਨ ਵੱਲ ਧਿਆਨ ਕੇਂਦਰਤ ਕਰਦੇ ਹਨ। ਇਸ ਦੇ ਸਦਕਾ, ਇਹ ਉਨ੍ਹਾਂ ਦੀ ਕਿਰਾਏ ਦੀ ਸਹਿਣਯੋਗਤਾ ਵੱਲ ਅੱਗੇ ਵਧਣ ਅਤੇ ਉਨ੍ਹਾਂ ਨੂੰ ਕਿਰਾਏਦਾਰਾਂ ਲਈ ਵਧੀਆ, ਮਿਆਰੀ ਘਰ ਬਣਾਉਣ ਦੇ ਸਮਰੱਥ ਬਣਾਉਂਦਾ ਹੈ।

ਵੈਸਟ ਆਫ਼ ਸਕੌਟਲੈਂਡ ਦੀ ਕਾਰਪੋਰੇਟ ਬਿਜਨੈਸ ਯੋਜਨਾ ਮਹੱਤਵਪੂਰਨ ਨਿਵੇਸ਼ ਪ੍ਰੋਗਰਾਮ ਬਾਰੇ ਦੱਸਦੀ ਹੈ ਜੋ ਸਾਡੇ ਮੌਜੂਦਾ ਹਾਊਸਿੰਗ ਸਟਾਕ ਅਤੇ ਨਵੀਂ ਬਣੇ ਘਰਾਂ ਲਈ ਸਾਡੀਆਂ ਯੋਜਨਾਵਾਂ ਨਾਲ ਸਬੰਧਤ ਹੈ। ਉਨ੍ਹਾਂ ਦੇ ਬੋਰਡ ਨੇ ਹਾਲ ਹੀ ਵਿੱਚ ਨਵੀਂ ਵਿਕਾਸ ਯੋਜਨਾ ਨੂੰ ਪ੍ਰਵਾਨਗੀ ਦਿੱਤੀ ਹੈ ਜੋ £130 ਮਿਲੀਅਨ ਦੀ ਰਾਸ਼ੀ ਦੇ ਨਿਵੇਸ਼ ਨਾਲ ਅਗਲੇ ਪੰਜ ਸਾਲਾਂ ਦੌਰਾਨ ਲਗਭਗ 700 ਨਵੇਂ ਘਰ ਤਿਆਰ ਕਰਨ ਦੇ ਉਤਸ਼ਾਹਪੂਰਨ ਵਿਕਾਸ ਪ੍ਰੋਗਰਾਮ ਨੂੰ ਰੇਖਾਂਕਿਤ ਕਰਦੀ ਹੈ।

ਵੈਸਟ ਆਫ਼ ਸਕੌਟਲੈਂਡ ਰੀਜਨਲ ਰਜਿਸਟਰਡ ਸੋਸ਼ਲ ਲੈਂਡਲਾਰਡ ਹਨ ਜੋ ਸਥਾਨਕ ਸੇਵਾਵਾਂ ਅਤੇ ਭਵਿੱਖ ਦੀਆਂ ਤਰਜੀਹਾਂ ਬਣਾਉਣ ਵਿੱਚ ਸਾਡੇ ਸਾਰੇ ਭਾਈਚਾਰਿਆਂ ਨੂੰ ਮਜਬੂਤ ਭਾਈਚਾਰਕ ਰਾਏ ਦੇਣ ਵਿੱਚ ਕਾਮਯਾਬ ਰਹੇ ਹਨ।

ਇਸ ਨੂੰ ਕਈ ਅਹਿਮ ਖੇਤਰਾਂ ਵਿੱਚ ਉਨ੍ਹਾਂ ਦੀ ਕਾਰਗੁਜ਼ਾਰੀ ਰਾਹੀਂ ਮਜਬੂਤੀ ਨਾਲ ਦਰਸਾਇਆ ਜਾਂਦਾ ਹੈ ਜਿਸ ਵਿੱਚ ਕਿਰਾਏਦਾਰ ਦੀ ਸੰਤੁਸ਼ਟੀ, ਗਾਹਕ ਦਾ ਜੁੜਾਵ ਅਤੇ ਗੱਲਬਾਤ ਦਾ ਅਦਾਨ-ਪ੍ਰਦਾਨ ਸ਼ਾਮਲ ਹੈ।

| ਕੇ ਪੀ ਆਈ ਸਤੁੰਸ਼ਟੀ ਪੈਮਾਨਾ | ਡਬਲਿਊ.ਐੱਸ.ਐੱਚ.ਏ. (2020/21) | ਸਕੌਟਿਸ਼ ਔਸਤ |
|---|---|---|
| ਕਿਰਾਏ ਸਮੁੱਚੀ ਸੇਵਾ ਤੋਂ ਸੰਤੁਸ਼ਟ ਸਨ | 91% | 89% |

| | | |
|---|---|---|
| ਤੁਹਾਨੂੰ ਕੀ ਲੱਗਦਾ ਹੈ ਕਿ ਆਪਣੀਆਂ ਸੇਵਾਵਾਂ ਅਤੇ ਫੈਸਲਿਆਂ ਬਾਰੇ ਤੁਹਾਨੂੰ ਸੂਚਿਤ ਰੱਖਣ ਵਿੱਚ ਡਬਲਿਊ.ਐੱਸ.ਐੱਚ.ਏ. ਕਿੰਨੀ ਵਧੀਆ ਜਾਂ ਕਿੰਨੀ ਖਰਾਬ ਹੈ? | 99% | 92% |
| ਤੁਹਾਡੇ ਲੈਂਡਲਾਰਡ ਦੀ ਫੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਭਾਗ ਲੈਣ ਲਈ ਤੁਹਾਨੂੰ ਦਿੱਤੇ ਗਏ ਮੌਕਿਆਂ ਤੋਂ ਤੁਸੀਂ ਕਿੰਨੇ ਸੰਤੁਸ਼ਟ ਜਾਂ ਅੰਤੁਸ਼ਟ ਹੋ? | 100% | 87% |

## ਇੰਤਜਾਮਾਂ ਦਾ ਤਬਾਦਲਾ (ਟ੍ਰਾਂਸਫਰ ਆਫ਼ ਇੰਗੇਜਮੈਂਟ) ਕੀ ਹੈ?

ਇੰਤਜਾਮਾਂ ਦਾ ਤਬਾਦਲਾ ਇੱਕ ਕਾਨੂੰਨੀ ਪ੍ਰਕਿਰਿਆ ਹੈ ਜੋ ਇੱਕ ਹਾਊਸਿੰਗ ਐਸੋਸੀਏਸ਼ਨ ਨੂੰ ਆਪਣੇ ਸਾਰੇ ਘਰਾਂ ਅਤੇ ਹਿੱਤ ਕਿਸੇ ਹੋਰ ਵੱਲ ਤਬਦੀਲ ਕਰਨ ਦੀ ਖੁੱਲ੍ਹ ਦਿੰਦੀ ਹੈ। ਚਾਰਿੰਗ ਕਰੌਸ ਅਤੇ ਵੈਸਟ ਆਫ਼ ਸਕੌਟਲੈਂਡ ਦੋਵੇਂ ਹੀ ਸਕੌਟਿਸ਼ ਹਾਊਸਿੰਗ ਰੈਗੂਲੇਟਰ (ਐੱਸ.ਐੱਚ.ਆਰ.) ਵੱਲੋਂ ਨਿਯੰਤ੍ਰਿਤ ਹੁੰਦੇ ਹਨ ਇਸ ਤਰ੍ਹਾਂ ਸਮੁੱਚੀ ਪ੍ਰਕਿਰਿਆ ਨੂੰ ਐੱਸ.ਐੱਚ.ਆਰ. ਦੇ ਵਿਨਿਯਮਿਕ ਮਿਆਰਾਂ ਅਤੇ ਵਿਧਾਨਕ ਸੇਧ ਦੁਆਰਾ ਸੰਚਾਲਿਤ ਕੀਤਾ ਜਾਂਦਾ ਹੈ, ਅਤੇ ਸਾਨੂੰ ਲਾਜ਼ਮੀ ਤੌਰ 'ਤੇ ਇਹ ਦਿਖਾਉਣਾ ਪੈਂਦਾ ਹੈ ਕਿ ਤਬਾਦਲਾ ਮੌਜੂਦਾ ਅਤੇ ਭਵਿੱਖ ਦੇ ਕਿਰਾਏਦਾਰਾਂ ਦੇ ਸਭ ਤੋਂ ਵਧੀਆ ਹਿੱਤਾਂ ਵਿੱਚ ਹੈ।

ਇਸ ਤੋਂ ਅੱਗੇ ਸਾਡੇ ਲਈ ਕਰਨ ਵਾਸਤੇ ਬਹੁਤ ਸਾਰਾ ਕੰਮ ਹੈ ਅਤੇ ਪ੍ਰਕਿਰਿਆ ਦੇ ਹਰੇਕ ਪੜਾਅ 'ਤੇ ਕਿਰਾਏਦਾਰ ਦੀ ਆਪਣੀ ਰਾਏ ਹੋਵੇਗੀ ਅਤੇ ਇਸ ਬਾਰੇ ਅੰਤਿਮ ਵੋਟ ਪਾਉਣਗੇ ਕਿ ਕੀ ਤਬਾਦਲਾ ਹੋਣਾ ਚਾਹੀਦਾ ਹੈ (ਜਾਂ ਨਹੀਂ)।

ਜੇਕਰ ਇੰਤਜਾਮ ਦੇ ਤਬਾਦਲੇ ਦਾ ਕਿਰਾਏਦਾਰਾਂ ਵੱਲੋਂ ਸਮਰਥਨ ਕੀਤਾ ਜਾਂਦਾ ਹੈ ਅਤੇ ਇਹ ਅੱਗੇ ਵਧਦਾ ਹੈ, ਤਾਂ ਚਾਰਿੰਗ ਕਰੌਸ ਦੇ ਸਾਰੇ ਹਿੱਤ, ਜ਼ਿੰਮੇਵਾਰੀਆਂ, ਉਤਰਦਾਇਤਵ, ਸਟਾਫ ਆਦਿ ਵੈਸਟ ਆਫ਼ ਸਕੌਟਲੈਂਡ ਵੱਲ ਤਬਦੀਲ ਹੋ ਜਾਣਗੇ। ਚਾਰਿੰਗ ਕਰੌਸ ਦੇ ਕਿਰਾਏਦਾਰ ਵੈਸਟ ਆਫ਼ ਸਕੌਟਲੈਂਡ ਦੇ ਕਿਰਾਏਦਾਰ ਬਣ ਜਾਣਗੇ ਅਤੇ ਕਿਰਾਏਦਾਰੀ ਸਬੰਧੀ ਆਪਣੇ ਸਾਰੇ ਮੌਜੂਦਾ ਅਧਿਕਾਰਾਂ ਨੂੰ ਕਾਇਮ ਰੱਖਣਗੇ। ਸਟਾਫ ਵੈਸਟ ਆਫ਼ ਸਕੌਟਲੈਂਡ ਦੇ ਕਰਮਚਾਰੀ ਬਣ ਜਾਣਗੇ ਜਿਨ੍ਹਾਂ ਵਿੱਚ ਉਨ੍ਹਾਂ ਦੀਆਂ ਸੇਵਾ ਸ਼ਰਤਾਂ (ਨਿਯਮਾਂ ਅਤੇ ਸ਼ਰਤਾਂ) ਨੂੰ ਸੁਰੱਖਿਅਤ ਰੱਖਿਆ ਜਾਵੇਗਾ। ਵੈਸਟ ਆਫ਼ ਸਕੌਟਲੈਂਡ ਫੈਕਟਰਡ ਸਟਾਕ ਦੀ ਫੈਕਟਰ ਬਣ ਜਾਵੇਗੀ।

ਜੇਕਰ ਤਬਾਦਲਾ ਅੱਗੇ ਵਧਦਾ ਹੈ ਤਾਂ ਚਾਰਿੰਗ ਕਰੌਸ ਦੀ ਆਪਣੀ ਖੁਦ ਦੀ ਪ੍ਰਬੰਧਕੀ ਕਮੇਟੀ ਨਹੀਂ ਰਹੇਗੀ। ਪਰ, ਵੈਸਟ ਆਫ਼ ਸਕੌਟਲੈਂਡ ਤੋਂ ਆਪਣੀ ਆਰੰਭਕ ਤਬਾਦਲਾ ਪੇਸ਼ਕਸ਼ ਦੇ ਹਿੱਸੇ ਵੱਜੋਂ ਉਹ ਨਵਾਂ ਗਰੁੱਪ ਬਣਾਉਣ ਦੇ ਚਾਹਵਾਨ ਹਨ, ਜਿਸ ਨਾਲ ਉਹ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕੰਮ ਕਰ ਸਕਦੇ ਹਨ ਕਿ ਸਥਾਨਕ ਸੇਵਾਵਾਂ ਅਤੇ ਤਰਜੀਹਾਂ ਬਣਾਉਣ ਵਿੱਚ ਸਥਾਨਕ ਕਿਰਾਏਦਾਰਾਂ/ਵਸਨੀਕਾਂ ਦੀ ਮਜਬੂਤ ਰਾਏ ਰਾਏ ਹੋਵੇ।

### ਅੱਗੇ ਕੀ ਹੁੰਦਾ ਹੈ?

ਇਸ ਤਰ੍ਹਾਂ ਦੇ ਤਬਾਦਲੇ ਲਈ ਧਿਆਨਪੂਰਵਕ ਢੰਗ ਨਾਲ ਵਿਚਾਰ ਕਰਨ ਅਤੇ ਕਈ ਪੜਾਆਂ ਦੀ ਲੋੜ ਹੁੰਦੀ ਹੈ ਜਿਨ੍ਹਾਂ ਨੂੰ ਲਾਜ਼ਮੀ ਪੂਰਾ ਕਰਨਾ ਚਾਹੀਦਾ ਹੈ ਜਿਨ੍ਹਾਂ ਵਿੱਚ ਅੱਗੇ ਦਿੱਤੇ ਪੜਾਅ ਵੀ ਸ਼ਾਮਲ ਹਨ:

- ਸਾਂਝੇ ਕਾਰੋਬਾਰੀ ਕੇਸ ਦੀ ਵਿਸਥਾਰ ਵਿੱਚ ਤਿਆਰੀ ਜੋ ਉਸ ਸੂਰਤ ਵਿੱਚ ਵੈਸਟ ਆਫ਼ ਸਕੌਟਲੈਂਡ ਤੋਂ ਆਰੰਭਕ ਬੇਨਤੀ ਨੂੰ ਤਬਾਦਲੇ ਦੇ ਵਿਸਤ੍ਰਿਤ ਵਾਅਦੇ ਵੱਲ ਲੈ ਕੇ ਜਾਏਗਾ ਜੇਕਰ ਕਿਰਾਏਦਾਰ ਤਬਾਦਲੇ ਕੀਤੇ ਜਾਣ ਦਾ ਸਮਰਥਨ ਕਰਦੇ ਹਨ।
- ਵਿਸਤ੍ਰਿਤ ਢੰਗ ਨਾਲ ਉਚਿਤ ਮਿਹਨਤ ਜਿਸ ਦਾ ਅਰਥ ਹੈ ਕਿ ਚਾਰਿੰਗ ਕਰੌਸ ਅਤੇ ਵੈਸਟ ਆਫ਼ ਸਕੌਟਲੈਂਡ ਦੋਵੇਂ ਇੱਕ ਦੂਜੇ ਦੀ ਕਾਨੂੰਨੀ ਅਤੇ ਵਿੱਤੀ ਢੰਗ ਨਾਲ ਪੜਤਾਲ ਕਰਦੇ ਹਨ।
- ਕਾਰੋਬਾਰ ਕੇਸ ਤਿਆਰ ਕਰਨ ਲਈ ਕਿਰਾਏਦਾਰਾਂ ਨਾਲ ਗ਼ੈਰਰਸਮੀ ਸਲਾਹ-ਮਸ਼ਵਰਾ, ਫੇਰ ਵੈਸਟ ਆਫ਼ ਸਕੌਟਲੈਂਡ ਤੋਂ ਵਿਸਥਾਰਤ ਪੇਸ਼ਕਸ਼ ਬਾਰੇ ਰਸਮੀ ਸਲਾਹ-ਮਸ਼ਵਰਾ ਜਿਸ ਦਾ ਨਤੀਜਾ ਆਸਵੰਦ ਢੰਗ ਨਾਲ ਕਿਰਾਏਦਾਰਾਂ ਦੇ ਮਤਦਾਨ ਦੇ ਰੂਪ ਵਿੱਚ ਨਿਕਲੇਗਾ ਜਿੱਥੇ ਚਾਰਿੰਗ ਕਰੌਸ ਦਾ ਹਰੇਕ ਕਿਰਾਏਦਾਰ ਤਬਾਦਲੇ ਬਾਰੇ ਵੋਟ ਪਾਏਗਾ।
- ਹਰੇਕ ਪੜਾਅ 'ਤੇ ਫੈਕਟਰਡ ਓਨਰ ਗਾਹਕਾਂ ਅਤੇ ਚਾਰਿੰਗ ਕਰੌਸ ਸ਼ੇਅਰਹੋਲਡਿੰਗ ਮੈਂਬਰਾਂ ਨਾਲ ਸੂਚਨਾ ਦਾ ਆਦਾਨ-ਪ੍ਰਦਾਨ ਅਤੇ ਉਨ੍ਹਾਂ ਨੂੰ ਆਪਣੇ ਵਿਚਾਰ ਦੇਣ ਲਈ ਸੱਦਾ ਦੇਣਾ
- ਅਹਿਮ ਹਿੱਸੇਦਾਰਾਂ ਨਾਲ ਜੁੜਾਵ ਅਤੇ ਦੇਣਦਾਰਾਂ ਅਤੇ ਹੋਰਨਾਂ ਵਿਧਾਨਕ ਸੰਸਥਾਵਾਂ ਤੋਂ ਸਹਿਮਤੀਆਂ।
- ਜੇਕਰ ਕਿਰਾਏਦਾਰਾਂ ਦਾ ਮਤਦਾਨ ਸਾਕਾਰਾਤਮਕ ਹੁੰਦਾ ਹੈ, ਤਾਂ ਫੇਰ ਪ੍ਰਵਾਨਗੀ ਲਈ ਐਸੋਸੀਏਸ਼ਨ ਦੀ ਮੈਂਬਰਸ਼ਿਪ ਨਾਲ ਮੀਟਿੰਗਾਂ, ਫੇਰ ਤਬਾਦਲੇ ਦੇ ਮਤੇ ਦੀ ਪੁਸ਼ਟੀ ਕਰਨੀ।

## ਤੁਹਾਡੇ ਸੁਤੰਤਰ ਕਿਰਾਏਦਾਰ ਸਲਾਹਕਾਰ ਦੀ ਜਾਣ-ਪਛਾਣ ਕਰਵਾਉਣੀ

ਕਿਰਾਏਦਾਰ ਸੂਚਨਾ ਸੇਵਾ (ਟੀ.ਆਈ.ਐੱਸ.) ਨੂੰ ਕਿਰਾਏਦਾਰਾਂ ਨਾਲ ਕੰਮ ਕਰਨ ਲਈ ਕਿਰਾਏਦਾਰਾਂ ਦੇ ਸੁਤੰਤਰ ਸਲਾਹਕਾਰ ਵੱਜੋਂ ਨਿਯੁਕਤ ਕੀਤਾ ਗਿਆ ਹੈ ਜੋ ਇਹ ਯਕੀਨੀ ਬਣਾਉਣ ਲਈ ਹੈ ਕਿ ਤੁਹਾਡੇ ਕੋਲ ਆਪਣੀ ਲੋੜ ਲਈ ਸਾਰੀ ਜਾਣਕਾਰੀ ਹੋਵੇ ਅਤੇ ਇੰਤਜਾਮਾਂ ਦੇ ਤਬਾਦਲੇ ਦੇ ਸਿੱਟਿਆਂ ਨੂੰ ਸਮਝਣ ਲਈ ਸਮੁੱਚੀ ਪ੍ਰਕਿਰਿਆ ਦੌਰਾਨ ਤੁਹਾਡੀ ਸਹਾਇਤਾ ਕੀਤੀ ਜਾਵੇ। ਟੀ.ਆਈ.ਐਸ. ਇੱਕ ਰਾਸ਼ਟਰੀ ਸੰਗਠਨ ਹੈ ਜਿਸ ਨੇ ਇੰਤਜਾਮਾਂ ਦੇ ਤਬਾਦਲੇ ਬਾਰੇ ਵਿਚਾਰ ਕਰਦਿਆਂ ਸਕੌਟਲੈਂਡ ਵਿੱਚ ਜ਼ਿਆਦਾਤਰ ਕਿਰਾਏਦਾਰਾਂ ਨੂੰ ਸੁਤੰਤਰ ਸਲਾਹ ਦਿੱਤੀ ਹੈ। ਤੁਹਾਡੇ ਵਿਚਾਰ

ਸੁਣਨ ਲਈ ਉਨ੍ਹਾਂ ਨਾਲ ਸੰਪਰਕ ਕੀਤਾ ਜਾਵੇਗਾ। ਟੀ.ਆਈ.ਐਸ. ਫਲਸਰੂਪ ਹੋਣ ਵਾਲੀ ਤਬਾਦਲੇ ਦੀ ਤਜਵੀਜ਼ ਦਾ ਵੀ ਸੁਤੰਤਰ ਮੁਲਾਂਕਣ ਕਰੇਗੀ ਜੋ ਇਹ ਯਕੀਨੀ ਬਣਾਉਣ ਲਈ ਹੈ ਕਿ ਕਿਰਾਏਦਾਰ ਨੂੰ ਪੇਸ਼ਕਸ਼ ਕੀਤੇ ਸਾਰੇ ਵਾਅਦੇ ਕਿਰਾਏਦਾਰਾਂ ਦੀ ਇੱਛਾ ਮੁਤਾਬਕ ਹੋਣ ਅਤੇ ਜੇਕਰ ਤਬਾਦਲਾ ਅੱਗੇ ਵਧਦਾ ਹੈ ਤਾਂ ਇਸ ਲਈ ਉਨ੍ਹਾਂ ਨੂੰ ਭੁਗਤਾਨ ਕੀਤਾ ਜਾ ਸਕੇ। ਟੀ.ਆਈ.ਐੱਸ. ਕਿਰਾਏਦਾਰਾਂ ਨਾਲ ਸਲਾਹ-ਮਸ਼ਵਰੇ ਦੌਰਾਨ ਮੁਫ਼ਤ ਐਡਵਾਇਸ ਲਾਈਨ ਮੁਹੱਈਆ ਕਰੇਗੀ, ਤਾਂ ਕਿ ਜੇਕਰ ਤੁਹਾਡੇ ਕੋਲ ਤਬਾਦਲੇ ਦੀ ਤਜਵੀਜ਼ ਬਾਰੇ ਕੋਈ ਪ੍ਰਸ਼ਨ ਹਨ ਜਾਂ ਇਸ ਵਿੱਚ ਹੋਰ ਜ਼ਿਆਦਾ ਸ਼ਾਮਲ ਹੋਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਟੀ.ਆਈ.ਐੱਸ. ਨੂੰ 0800 488 0982 (ਦਫਤਰੀ ਘੰਟਿਆਂ ਦੌਰਾਨ) 'ਤੇ ਕਾਲ ਕਰੋ ਜਾਂ info@tis.org.uk 'ਤੇ ਈਮੇਲ ਕਰੋ।

## ਆਪਣੀ ਰਾਏ ਪੇਸ਼ ਕਰੋ

ਅਸੀਂ ਆਪਣੇ ਤਬਾਦਲੇ ਦੇ ਭਾਈਵਾਲ ਨੂੰ ਲੱਭਣ ਦੀ ਸ਼ੁਰੂਆਤ ਉਨ੍ਹਾਂ ਗੱਲਾਂ ਦੇ ਆਧਾਰ 'ਤੇ ਕੀਤੀ ਸੀ ਜਿਨ੍ਹਾਂ ਬਾਰੇ ਸਾਨੂੰ ਪ੍ਰਤੀਕਰਮ ਤੋਂ ਲੱਗਿਆ ਕਿ ਇਹ ਤੁਹਾਡੇ ਲਈ ਸਭ ਤੋਂ ਵੱਧ ਮਹੱਤਵਪੂਰਨ ਹਨ। ਕਿਉਂਕਿ ਅਸੀਂ ਹੁਣ ਵਿਸਥਾਰਤ ਸਾਂਝੇ ਕਾਰੋਬਾਰੀ ਕੇਸ ਨੂੰ ਤਿਆਰ ਕਰਨ ਦੇ ਪੜਾਅ ਵੱਲ ਵੱਧ ਰਹੇ ਹਾਂ ਜਿਸ ਵਿੱਚ ਵੈਸਟ ਆਫ਼ ਸਕੌਟਲੈਂਡ ਵੱਲੋਂ ਤਬਾਦਲੇ ਦੀ ਪੇਸ਼ਕਸ਼ ਸ਼ਾਮਲ ਹੋਵੇਗੀ, ਇਸ ਲਈ ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਇਸ ਨੂੰ ਮਜਬੂਤੀ ਨਾਲ ਤੁਹਾਡੀਆਂ ਤਰਜੀਹਾਂ ਦੁਆਰਾ ਬਣਾਇਆ ਗਿਆ ਹੋਵੇ।

ਕਿਰਪਾ ਕਰਕੇ ਸੰਖੇਪ ਸਰਵੇਖਣ ਪੂਰਾ ਕਰਕੇ ਸਾਡੀ ਮਦਦ ਕਰੋ ਜੋ ਸਾਨੂੰ ਇਹ ਦੱਸਣ ਲਈ ਹੈ ਕਿ ਕੀ ਅਸੀਂ ਸਹੀ ਤਰਜੀਹਾਂ ਨੂੰ ਸਮਝਿਆ ਹੈ ਜਾਂ ਸਾਨੂੰ ਇਹ ਦੱਸਣ ਲਈ ਕਿ ਕੋਈ ਅਜਿਹੀ ਗੱਲ ਹੈ ਜੋ ਸਾਡੇ ਤੋਂ ਰਹਿ ਗਈ ਹੈ। ਸਰਵੇਖਣ ਇਸ ਨਿਊਜ਼ਲੈਟਰ ਦੇ ਨਾਲ ਦਿੱਤਾ ਹੈ, ਪਰ ਹੇਠਾਂ ਦਿੱਤੇ ਲਿੰਕ ਦੀ ਵਰਤੋਂ ਕਰਦਿਆਂ ਆਨਲਾਈਨ ਪੂਰਾ ਕੀਤਾ ਜਾ ਸਕਦਾ ਹੈ:

**https://www.surveymonkey.co.uk/r/ WSHACXNov21**

ਤੁਸੀਂ ਫ਼੍ਰੀਫ਼ੋਨ ਨੰਬਰ 0800 488 0982'ਤੇ ਕਾਲ ਕਰਕੇ ਜਾਂ info@tis.org.uk 'ਤੇ ਈਮੇਲ ਕਰਕੇ ਟੀ.ਆਈ.ਐੱਸ. ਨੂੰ ਆਪਣੇ ਵਿਚਾਰਾਂ ਬਾਰੇ ਪ੍ਰਤੀਕਰਮ ਦੇ ਸਕਦੇ ਹੋ।

## ਭਵਿੱਖ ਬਣਾਉਣ ਵਿੱਚ ਹੋਰ ਸ਼ਾਮਲ ਹੋਣ ਲਈ ਕੀ ਕਰਨਾ ਹੈ?
## ਸਾਡੇ ਨਵੇਂ ਟਰਾਂਸਫਰ ਫੋਕਸ ਗਰੁੱਪਾਂ ਵਿੱਚ ਕਿਉਂ ਨਾ ਸ਼ਮੂਲੀਅਤ ਕੀਤੀ ਜਾਵੇ

ਸਾਡੇ ਵੱਲੋਂ ਤਬਾਦਲੇ ਦੀ ਪੇਸ਼ਕਸ਼ ਨੂੰ ਤਿਆਰ ਕਰਨ ਸਮੇਂ ਅਸੀਂ ਸਾਊਂਡਿੰਗ ਬੋਰਡ ਵੱਜੋਂ ਕਾਰਵਾਈ ਕਰਨ ਲਈ ਕਿਰਾਏਦਾਰਾਂ/ਫੈਕਟਰਡ ਓਨਰ ਗਾਹਕਾਂ ਨਾਲ ਕੰਮ ਕਰਨ ਲਈ ਇੱਛੁਕ ਹਾਂ। ਸਾਡੇ ਵੱਲੋਂ ਪ੍ਰਕਿਰਿਆ ਵਿੱਚੋਂ ਲੰਘਣ ਸਮੇਂ ਸਾਰੇ ਕਿਰਾਏਦਾਰਾਂ ਨਾਲ ਵਿਆਪਕ ਵਿਚਾਰ-ਵਟਾਂਦਰੇ ਦੌਰਾਨ ਇਹ ਸਭ ਤੋਂ ਉੱਪਰ ਹੋਵੇਗਾ।

ਜੇਕਰ ਤੁਹਾਡੀ ਇਸ ਵਿੱਚ ਦਿਲਚਸਪੀ ਹੈ ਅਤੇ ਆਉਣ ਵਾਲੇ ਮਹੀਨਿਆਂ ਦੌਰਾਨ ਆਪਣਾ ਥੋੜ੍ਹਾ ਵਕਤ ਦੇਣ ਲਈ ਸਮਾਂ ਹੈ, ਤਾਂ ਅਸੀਂ 6 ਦਸੰਬਰ ਨੂੰ ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 6 ਵਜੇ ਤੱਕ ਪਹਿਲੇ ਫੋਕਸ ਗਰੁੱਪ ਦਾ ਆਯੋਜਨ ਕਰ ਰਹੇ ਹਾਂ। ਕੋਵਿਡ ਦੀਆਂ ਜਾਰੀ ਪਾਬੰਦੀਆਂ ਨੂੰ ਦੇਖਦਿਆਂ ਅਸੀਂ ਪਹਿਲਾ ਸ਼ੈਸ਼ਨ ਜ਼ੂਮ ਰਾਹੀਂ ਆਨਲਾਈਨ ਕਰਵਾਵਾਂਗੇ। ਟੀ.ਆਈ.ਐੱਸ. ਵੱਲੋਂ ਮੀਟਿੰਗਾਂ ਦੀ ਪ੍ਰਧਾਨਗੀ ਕੀਤੀ ਜਾਵੇਗੀ ਅਤੇ ਚਾਰਿੰਗ ਕਰੌਸ ਅਤੇ ਵੈਸਟ ਆਫ਼ ਸਕੌਟਲੈਂਡ ਤੋਂ ਸੀਨੀਅਰ ਸਟਾਫ ਇਸ ਵਿੱਚ ਭਾਗ ਲਵੇਗਾ। ਜੇਕਰ ਤੁਸੀਂ ਭਾਗ ਲੈਣ ਲਈ ਆਪਣੇ ਦਿਲਚਸਪੀ ਦਰਜ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਟੀ.ਆਈ.ਐੱਸ. ਨੂੰ 0800 488 0982'ਤੇ ਜਾਂ info@tis.org.uk 'ਤੇ ਸੰਪਰਕ ਕਰੋ।

ਜੇਕਰ ਤੁਹਾਨੂੰ ਮੀਟਿੰਗ ਲਈ ਪਹੁੰਚ ਕਰਨ ਅਤੇ ਜ਼ੂਮ ਦੀ ਵਰਤੋਂ ਕਰਨ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਾਨੂੰ ਦੱਸੋ ਅਤੇ ਅਸੀਂ ਟੀ.ਆਈ.ਐੱਸ. ਰਾਹੀਂ ਇਸ ਦਾ ਇੰਤਜਾਮ ਕਰ ਸਕਦੇ ਹਾਂ।
ਅਸੀਂ ਇਸ ਗੱਲ ਨੂੰ ਸਮਝਦੇ ਹਾਂ ਕਿ ਹਰੇਕ ਵਿਅਕਤੀ ਨੂੰ ਆਨਲਾਈਨ ਮੀਟਿੰਗਾਂ ਸੁਖਾਲੀਆਂ ਨਹੀਂ ਲੱਗਦੀਆਂ ਅਤੇ ਜੇਕਰ ਤੁਸੀਂ ਇਸ ਸਮੁੱਚੀ ਪ੍ਰਕਿਰਿਆ ਦੌਰਾਨ ਵਿਅਕਤੀਗਤ ਮੀਟਿੰਗਾਂ ਨੂੰ ਤਰਜੀਹ ਦੇਵੋਗੇ ਤਾਂ ਕਿਰਪਾ ਕਰਕੇ ਸਾਨੂੰ ਦੱਸ ਦਿਓ, ਅਸੀਂ ਇਹ ਯਕੀਨੀ ਬਣਾਉਣ ਲਈ ਇਸ ਦਾ ਇੰਤਜਾਮ ਕਰਨ ਲਈ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕਰਾਂਗੇ ਕਿ ਹਰੇਕ ਵਿਅਕਤੀ ਇਸ ਵਿੱਚ ਸ਼ਾਮਲ ਹੋਵੇ।

# ਅਸੀਂ ਤੁਹਾਨੂੰ ਕਿਵੇਂ ਤਾਜ਼ਾ ਜਾਣਕਾਰੀ ਦਿੰਦੇ ਰਹਾਂਗੇ

ਅਸੀਂ ਬਹੁਤ ਹੀ ਵਿਸਤ੍ਰਿਤ ਅਤੇ ਵਿਆਪਕ ਸਲਾਹ-ਮਸ਼ਵਰੇ ਲਈ ਯੋਜਨਾ ਤਿਆਰ ਕੀਤੀ ਹੈ ਜੋ ਇਹ ਯਕੀਨੀ ਬਣਾਉਣ ਲਈ ਹੈ ਕਿ ਕਿਰਾਏਦਾਰਾਂ ਨੂੰ ਪੂਰੀ ਤਰ੍ਹਾਂ ਸੂਚਿਤ ਰੱਖਿਆ ਜਾਵੇ ਅਤੇ ਤਬਾਦਲੇ ਦੀਆਂ ਯੋਜਨਾਵਾਂ ਲਈ ਉਨ੍ਹਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇ। ਅਸੀਂ ਚਾਰਿੰਗ ਕਰੌਸ ਦੇ ਫੈਕਟਰਡ ਓਨਰ ਗਾਹਕਾਂ ਅਤੇ ਸ਼ੇਅਰਹੋਲਡਿੰਗ ਮੈਂਬਰਾਂ ਨੂੰ ਸਾਰੇ ਪੱਤਰਾਂ ਦੀਆਂ ਨਕਲਾਂ ਭੇਜਾਂਗੇ। ਕਾਰੋਬਾਰੀ ਕੇਸ ਬਾਰੇ ਸਹਿਮਤੀ ਹੋਣ ਤੋਂ ਬਾਅਦ ਸਾਨੂੰ ਜਿਸ ਰਸਮੀ ਸਲਾਹ-ਮਸ਼ਵਰੇ ਦੀ ਲੋੜ ਹੈ, ਉਸ ਤੋਂ ਇਲਾਵਾ, ਅਸੀਂ ਤੁਹਾਨੂੰ ਕਈ ਤਰੀਕਿਆਂ ਨਾਲ ਤਾਜ਼ਾ ਜਾਣਕਾਰੀ ਦਿੰਦੇ ਰਹਾਂਗੇ:

- ਚਾਰਿੰਗ ਕਰੌਸ ਵੈਬਸਾਈਟ - ਸਾਡੇ ਕੋਲ ਚਾਰਿੰਗ ਕਰੌਸ ਵੈਬਸਾਈਟ ’ਤੇ ਇਸ ਲਈ ਸਮਰਪਿਤ ਸਫ਼ਾ ਹੈ ਜੋ ਤਾਜ਼ਾ ਖ਼ਬਰਾਂ ਨਾਲ ਤੁਹਾਨੂੰ ਤਾਜ਼ਾ ਜਾਣਕਾਰੀ ਦਿੰਦਾ ਰਹੇਗਾ: **https://www.cxha.org.uk/transfer/**

- ਟਰਾਂਸਫਰ ਫੇਸਬੁੱਕ - ਚਾਰਿੰਗ ਕਰੌਸ ਨੇ ਟਰਾਂਸਫਰ ਫੇਸਬੁੱਕ ਪੇਜ ਕਾਇਮ ਕੀਤਾ ਹੈ ਜਿਸ ਨੂੰ ਤਬਾਦਲੇ ਦੀ ਸੂਚਨਾ ਅਤੇ ਤਾਜ਼ਾ ਜਾਣਕਾਰੀ ਦੇਣ ਲਈ ਵਰਤਿਆ ਜਾਵੇਗਾ - ਕਿਰਪਾ ਕਰਕੇ ਸਾਨੂੰ ਇੱਥੇ ਲਾਈਕ ਅਤੇ ਫਾਲੋ ਕਰੋ: **https://www.facebook.com/CharingCrossHA**

- ਟਰਾਂਸਫਰ ਨਿਊਜ਼ - ਅਸੀਂ ਟਰਾਂਸਫਰ ਨਿਊਜ਼ਲੈਟਰਾਂ ਰਾਹੀਂ ਪ੍ਰਕਿਰਿਆ ਦੇ ਅਹਿਮ ਪੜਾਆਂ ਬਾਰੇ ਤਾਜ਼ਾ ਜਾਣਕਾਰੀ ਦਿੰਦੇ ਰਹਾਂਗੇ

- ਆਨਲਾਈਨ ਫ਼ੋਕਸ ਗਰੁੱਪ - ਚਾਰਿੰਗ ਕਰੌਸ ਅਤੇ ਵੈਸਟ ਆਫ਼ ਸਕੌਟਲੈਂਡ ਤਾਜ਼ਾ ਜਾਣਕਾਰੀ ਦੇਣ ਲਈ ਤਬਾਦਲੇ ਦੇ ਅਹਿਮ ਮੁਕਾਮਾਂ ’ਤੇ ਟੀ.ਆਈ.ਐੱਸ. ਨਾਲ ਮਿਲ ਕੇ ਆਨਲਾਈਨ ਫ਼ੋਕਸ ਗਰੁੱਪਾਂ ਦਾ ਆਯੋਜਨ ਕਰਨਗੇ।

ਇਸ ਨਿਊਜ਼ਲੈਟਰ ਦੀ ਉਰਦੂ (اردو), ਪੰਜਾਬੀ (ਪੰਜਾਬੀ), ਸਰਲ ਚੀਨੀ (简体中文) ਅਤੇ ਅਰਬੀ (العربية) ਵਿੱਚ ਅਨੁਵਾਦਤ ਕਾਪੀ www.cxha.org.uk ਤੋਂ ਜਾਂ 0141 333 0404 ’ਤੇ ਕਾਲ ਕਰਕੇ ਜਾਂ email transfer@cxha.org.uk ’ਤੇ ਈਮੇਲ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

ਜੇਕਰ ਤੁਹਾਡੇ ਕੋਈ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ ਸਟਾਫ ਟੀਮ ਦੇ ਕਿਸੇ ਵੀ ਮੈਂਬਰ ਨਾਲ ਬੇਝਿਜ਼ਕ ਗੱਲ ਕਰੋ ਜਾਂ email transfer@cxha.org.uk ’ਤੇ ਸਾਨੂੰ ਈਮੇਲ ਕਰੋ